**CLASS : 10+2 (Sen. Secondary)** **Code No. A**

# ਅਭਿਆਸ ਪ੍ਰਸ਼ਨ ਪੱਤਰ (2022-23)

ਪੰਜਾਬੀ

PUNJABI

(Academic / Open)

ਸਮਾਂ : 3 ਘੰਟੇ ਕੁਲ ਅੰਕ : 80

* ਕ੍ਰਿਪਾ ਜਾਂਚ ਕਰ ਲਓ ਕਿ ਇਸ ਪ੍ਰਸ਼ਨ-ਪੱਤਰ ਵਿੱਚ ਛਪੇ ਪੰਨਿਆਂ ਦੀ ਸੰਖਿਆ 4 ਅਤੇ ਪ੍ਰਸ਼ਨ 15 ਹਨ ।
* ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ ਕੋਡ ਨੰਬਰ ਅਤੇ ਸੈਟ ਨੂੰ ਵਿਦਿਆਰਥੀ ਉੱਤਰ ਪੁਸਤਕਾਂ ਦੇ ਮੁੱਖ ਪੰਨੇ ਤੇ ਲਿਖਣ ।
* ਕ੍ਰਿਪਾ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜ਼ਰੂਰ ਲਿਖੋ ।
* ਆਪਣੀ ਉੱਤਰ ਪੁਸਤਿਕਾ ਵਿੱਚ ਖਾਲੀ ਪੰਨਾ / ਪੰਨੇ ਨਾ ਛੱਡੋ ।
* ਉੱਤਰ ਪੁਸਤਕਾਂ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ । ਇਸ ਲਈ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ ।
* ਪ੍ਰੀਖਿਆਰਥੀ ਆਪਣਾ ਰੋਲ ਨੰਬਰ ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ । ਪ੍ਰਸ਼ਨ ਪੱਤਰ ਵਿੱਚ ਰੋਲ ਨੰਬਰ ਤੋਂ ਇਲਾਵਾ ਕੁੱਝ ਵੀ ਨਾ ਲਿਖੋ।
* ਕ੍ਰਿਪਾ ਪ੍ਰਸ਼ਨਾਂ ਦੇ ਉੱਤਰ ਦੇਣ ਤੋਂ ਪਹਿਲਾਂ ਇਹ ਦੇਖ ਲੋ ਕਿ ਪ੍ਰਸ਼ਨ ਉਤਰ ਪੂਰਾ ਅਤੇ ਠੀਕ ਹੈ । ਪਰੀਖਿਆ ਦੇ ਬਾਅਦ ਵਿਚ ਇਸ ਸਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਵੇਗਾ।
* ਹਰ ਇਕ ਪ੍ਰਸ਼ਨ ਦੇ ਅੱਗੇ ਅੰਕ ਦਿੱਤੇ ਗਏ ਹਨ ।

1 ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ । 5

ਸਾਵੇ ਸਾਵੇ ਘਾਹ ਉੱਤੇ, ਗਊਆਂ ਤੇ ਮੱਝੀਆਂ ਦਾ ਚਰਨਾ ।
ਸਿਰ ਆਪਣਾ ਨੀਵੇਂ ਕੀਤੇ, ਪਸ਼ੂਆਂ ਦਾ ਚੁੱਪ ਚੁਪੀਤੇ,
ਚੁਗਣਾ ਤੇ ਰੱਜਣਾ ਤੇ ਨੱਚਣਾ, ਦੇਖ-ਦੇਖ ਮੁੜ-ਮੁੜ ਲੋਚਾਂ ।
ਮੈਂ ਮੁੜ ਪਸ਼ੂ ਥੀਣ ਨੂੰ, ਆਦਮੀ ਬਣ-ਬਣ ਥੱਕਿਆ ।

ਜਾਂ

ਏਨੇ ਨੂੰ ਗੁੰਬਦ ਦਾ ਆਂਡਾ, ਟੋਟੇ ਟੋਟੇ ਹੋਇਆ,
ਚੀਕਾਂ ਕੂਕਾਂ ਤੇ ਫ਼ਰਿਆਦਾਂ, ਜਾ ਅੰਬਰ ਨੂੰ ਛੋਹਿਆ।
ਹੜ੍ਹ ਮਜ਼ਦੂਰਨੀਆਂ ਦਾ ਵਗਿਆ, ਵਿੱਚ ਮਜ਼ੂਰ ਹਜ਼ਾਰਾਂ,
ਚੁੱਕੀ ਕਹੀਆਂ, ਦੁਰਮਟ, ਤੇਸੇ, ਬੱਝੇ ਵਿੱਚ ਵਗਾਰਾਂ ।

2 ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਦਾ ਸਾਰ ਲਿਖੋ । 3

(1) ਟੁਕੜੀ ਜੱਗ ਤੋਂ ਨਿਆਰੀ (2) ਪਸ਼ੂ ਚਰਦੇ (3) ਮੇਰਾ ਪਤਾ (4) ਹੁਣ ਘਰਾਂ ਨੂੰ ਪਰਤਣਾ

3 ਹੇਠ ਲਿਖੇ ਪ੍ਰਸ਼ਨ ਦਾ ਵਿਸਤਾਰ ਨਾਲ ਉੱਤਰ ਲਿਖੋ । 3

(1) 'ਕਾਲੇ ਭੌਰੇ ਦਾ ਸੁਭਾ ਕਿਹੋ ਜਿਹਾ ਹੁੰਦਾ ਹੈ ? ਰਾਧਾ ਕ੍ਰਿਸ਼ਨ ਦੇ ਸੁਭਾ ਨੂੰ ਕਾਲੇ ਭੌਰੇ ਵਰਗਾ ਕਿਉਂ ਕਹਿੰਦੀ ਹੈ ।

4 ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ । 2*4 = 8

(1) 'ਜਾਇਦਾਦ' ਕਵਿਤਾ ਦਾ ਕੇਂਦਰੀ ਭਾਵ ਲਿਖੋ ।
(2) 'ਤਾਜ ਮਹੱਲ' ਕਵਿਤਾ ਵਿੱਚ ਕੁਦਰਤੀ ਵਾਤਾਵਰਨ ਕਿਹੋ ਜਿਹਾ ਹੈ ?
(3) ਕਵੀ ਨੇ ਇਸਤਰੀ ਨੂੰ ਧੌਲ ਤੇ ਧਰਮ ਦੇ ਬਰਾਬਰ ਥਾਂ ਦਿੱਤੀ ਹੈ। ਕਿਉਂ ?
(4) ਲੂਣਾ ਆਪਣੇ ਆਪ ਨੂੰ ਬਦਕਿਸਮਤ ਕਿਉਂ ਸਮਝਦੀ ਹੈ ?

5 ਹੇਠ ਲਿਖੇ ਵਾਰਤਕ ਲੇਖਾਂ ਵਿੱਚੋਂ ਕਿਸੇ ਇਕ ਦਾ ਸਾਰ ਲਿਖੋ । 3

(1) ਕੌਮ ਲਈ ਕੁਰਬਾਨੀ (2) ਠਾਣੇਦਾਰੀ (3) ਸੱਭਿਅਤਾ ਦੇ ਦੋ ਪੱਧਰ (4) ਸ਼ੀਸ਼ੇ ਸਾਹਮਣੇ

6 ਹੇਠ ਲਿਖੇ ਪ੍ਰਸ਼ਨ ਦਾ ਵਿਸਤਾਰ ਨਾਲ ਉੱਤਰ ਲਿਖੋ । 3

(1) ਮਲਕ ਭਾਗੋ ਦੇ ਅੰਦਰ ਵਾਹਿਗੁਰੂ ਸ਼ਬਦ ਕਿਸ ਤਰ੍ਹਾਂ ਟਿਕਿਆ ?

7 ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ । 2*5 = 10

(1) ਵੈਦਰ ਕਰਾਫ਼ਟ ਨੇ ਕੌਮ ਲਈ ਕੀ ਕੁਰਬਾਨੀ ਕੀਤੀ ਸੀ ?
(2) ਲੇਮਾਂ ਝੀਲ ਦਾ ਦ੍ਰਿਸ਼ ਬਿਆਨ ਕਰੋ ।
(3) 'ਠਾਣੇਦਾਰੀ' ਕਹਾਣੀ ਦੇ ਪਾਤਰਾਂ ਦੇ ਨਾਂ ਲਿਖੋ ।
(4) ਗੁਰੂ ਜੀ ਨੇ 'ਘਰ ਵਿੱਚ ਹੀ ਗੁਰਿਆਈ' ਦਾ ਵਰ ਦਿੰਦਿਆਂ ਕੀ ਕਿਹਾ ?
(5) ਬਾਬਾ ਵਰਿਆਮਾ ਆਪ ਪਿਛਲੇ ਜਨਮ ਵਿੱਚ ਕੀ ਸੀ ?

8 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ । 1*5 = 5

(1) ਪਦਮਾ ਨਦੀ ਕਿੱਥੇ ਹੈ ?
(2) 'ਸਭਿਅਤਾ ਦੇ ਦੋ ਪੱਧਰ' ਨਿਬੰਧ ਕਿਸ ਦੀ ਰਚਨਾ ਹੈ ?
(3) ਵੈਦਰ ਕਰਾਫਟ ਦੇ ਕਤਲ ਦਾ ਇਲਜ਼ਾਮ ਕਿਸ 'ਤੇ ਲੱਗਾ ?
(4) ਗੁਰੂ ਅਮਰ ਦਾਸ ਜੀ ਨੇ ਕਿਸ ਨੂੰ ਵਰ ਦਿੱਤਾ ਸੀ ? 'ਘਰ ਵਿੱਚ ਹੀ ਗੁਰਿਆਈ'
(5) 'ਸਾਡੇ ਲੋਕ ਗੀਤ' ਲੇਖ ਦੀ ਸ਼ੈਲੀ ਕਿਹੋ-ਜਿਹੀ ਹੈ ?

9 ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਇਕ ਦਾ ਉੱਤਰ ਲਿਖੋ । 5

(1) ਸੋਭਾ ਸ਼ਕਤੀ ਨਾਟਕ ਦੀ ਨਾਇਕਾ ਦਾ ਪਾਤਰ ਚਿੱਤਰਨ ਕਰੋ ? ਸਪਸ਼ਟ ਕਰੋ । ਜਾਂ 'ਸੋਭਾ ਸ਼ਕਤੀ' ਨਾਟਕ ਦੇ ਦੂਜੇ ਨਾਟ ਦਾ ਸਾਰ ਲਿਖੋ ।

10 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ । 3*2 = 6

(1) 'ਸੋਭਾ ਸ਼ਕਤੀ' ਵਿੱਚ ਇਸਤਰੀ ਨੂੰ ਕਿਸ-ਕਿਸ ਰੂਪ ਵਿੱਚ ਪੇਸ਼ ਕੀਤਾ ਗਿਆ ਹੈ ?

(2) ਰੇਖਾ ਕੌਣ ਹੈ ? ਉਸਦਾ ਚਰਿੱਤਰ-ਚਿਤਰਨ ਕਰੋ ।

11 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ । 2*2 = 4

(1) 'ਸੋਭਾ ਸ਼ਕਤੀ' ਵਿੱਚ ਕੁੱਲ ਕਿੰਨੇ ਪਾਤਰ ਹਨ

(2) 'ਸ਼ੋਭਾ ਸ਼ਕਤੀ' ਨਾਟਕ ਦਾ ਲੇਖਕ ਕੌਣ ਹੈ ? ਉਸ ਦੀ ਵਿੱਦਿਅਕ ਯੋਗਤਾ ਬਾਰੇ ਦੱਸੋ ।

12 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ । 1*10 = 10

(1) ਜਪੁਜੀ ਸਾਹਿਬ ਕਿਸ ਦੀ ਲਿਖੀ ਹੋਈ ਬਾਣੀ ਹੈ ?

(i) ਗੁਰੂ ਅੰਗਦ ਦੇਵ ਜੀ (ii) ਗੁਰੂ ਅਮਰਦਾਸ ਜੀ (iii) ਗੁਰੂ ਨਾਨਕ ਦੇਵ ਜੀ (iv) ਕੋਈ ਨਹੀਂ

(2) ਸ਼ੇਖ ਫਰੀਦ ਜੀ ਦਾ ਜਨਮ ਕਦੋਂ ਹੋਇਆ ?

(i) 1173 ਈ.ਵਿੱਚ (ii) 1174 ਈ.ਵਿੱਚ (iii) 1175 ਈ.ਵਿੱਚ (iv) 1176 ਈ.ਵਿੱਚ

(3) ਬੁੱਲੇ ਸ਼ਾਹ ਦੀਆਂ ਕਿੰਨੀਆਂ ਕਾਫ਼ੀਆਂ ਹਨ ?

(i) 116 (ii) 117 (iii) 118 (iv) 119

(4) ਭਾਈ ਵੀਰ ਸਿੰਘ ਦੀ ਮੌਤ ਕਦੋਂ ਹੋਈ ?

(i) 1954 (ii) 1955 (iii) 1956 (iv) 1957

(5) ਆਧੁਨਿਕ ਪੰਜਾਬੀ ਕਵਿਤਾ ਦਾ ਮੋਢੀ ਕੌਣ ਹੈ ?

(i) ਧਨੀ ਰਾਮ ਚਾਤ੍ਰਿਕ (ii) ਪੂਰਨ ਸਿੰਘ (iii) ਭਾਈ ਵੀਰ ਸਿੰਘ (iv) ਮੋਹਨ ਸਿੰਘ

(6) ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ ਬਾਣੀ ਦਾ ਨਾਂ ਦੱਸੋ ।

(i) ਬਾਵਨ ਅੱਖਰੀ (ii) ਅੰਜਲੀਆ (iii) ਸੁਖਮਨੀ ਸਾਹਿਬ (iv) ਸੋਹਿਲੇ

(7) ਸ਼ੇਖ ਫ਼ਰੀਦ ਜੀ ਦਾ ਸੰਬੰਧ ਕਿਸ ਸੰਪ੍ਰਦਾਇ ਨਾਲ ਸੀ ?

(i) ਕਾਦਰੀ (ii) ਚਿਸ਼ਤੀ (iii) ਸੁਹਰਾਵਰਦੀ (iv) ਇਨ੍ਹਾਂ ਵਿੱਚੋਂ ਕੋਈ ਨਹੀਂ

(8) ਦਮੋਦਰ ਕਿਸ ਜਾਤੀ ਨਾਲ ਸੰਬੰਧ ਰੱਖਦਾ ਸੀ ?

(i) ਤ੍ਰੇਹਣ (ii) ਸੋਢੀ (iii) ਗੁਲਾਟੀ ਅਰੋੜਾ (iv) ਭੱਲਾ

(9) ਵਾਰਿਸ ਦੀ ਹੀਰ ਵਿੱਚ ਕਿਹੜਾ ਰਸ ਪ੍ਰਧਾਨ ਹੈ ?

(i) ਵਿਭਤਸ ਰਸ (ii) ਸ਼ਿੰਗਾਰ ਰਸ (iii) ਵੀਰ ਰਸ (iv) ਉਪਰੋਕਤ ਸਾਰੇ

(10) ਪੰਜਾਬੀ ਵਿੱਚ ਖੁੱਲ੍ਹੀ ਕਵਿਤਾ ਲਿਖਣ ਦਾ ਅਰੰਭ ਕਿਸ ਨੇ ਕੀਤਾ ?

(i) ਧਨੀ ਰਾਮ ਚਾਤ੍ਰਿਕ (ii) ਪੂਰਨ ਸਿੰਘ (iii) ਭਾਈ ਵੀਰ ਸਿੰਘ (iv) ਮੋਹਨ ਸਿੰਘ

13 ਕਿਸੇ ਇੱਕ ਸਾਹਿਤਕਾਰ ਦੇ ਜੀਵਨ ਤੇ ਰਚਨਾਵਾਂ ਬਾਰੇ ਸੰਖੇਪ ਜਾਣਕਾਰੀ ਦਿਓ : 5

(1) ਵਾਰਿਸ ਸ਼ਾਹ (2) ਸ਼ੇਖ ਫ਼ਰੀਦ (3)ਦਮੋਦਰ

14 ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਸਿਰਲੇਖ ਸਹਿਤ ਲਿਖੋ : 5

ਨੰਦਾ ਪੰਜਾਬੀ ਨਾਟਕ ਕਲਾ ਵਿੱਚ ਇਕ ਵਸ਼ਿਸ਼ਟ ਥਾਂ ਰੱਖਦਾ ਹੈ। ਉਸ ਨੂੰ ਆਧੁਨਿਕ ਪੰਜਾਬੀ ਨਾਟਕ ਦਾ ਜਨਮਦਾਤਾ ਕਿਹਾ ਜਾਂਦਾ ਹੈ। ਪਰ ਇਸ ਤੋਂ ਇਹ ਭਾਵ ਨਹੀਂ ਲੈਣਾ ਚਾਹੀਦਾ ਕਿ ਨੰਦੇ ਤੋ ਪਹਿਲਾਂ ਨਾਟਕ ਲਿਖੇ ਹੀ ਨਹੀਂ ਸਨ ਜਾਂਦੇ । ਨੰਦੇ ਤੋਂ ਪਹਿਲਾਂ ਪੰਜਾਬੀ ਨਾਟਕ ਵਿਸ਼ੇ ਦੇ ਪੱਖ ਤੋਂ ਪਰੰਪਰਾਵਾਦੀ ਹੀ ਸਨ । ਪਰੰਪਰਾ ਤਾਂ ਸੰਸਕ੍ਰਿਤ ਦੇ ਅਧਾਰ 'ਤੇ ਜਾਂ ਪੁਰਾਤਨ ਨਾਟਕਾਂ ਦਾ ਅਨੁਵਾਦ ਸੀ । ਭਾਈ ਵੀਰ ਸਿੰਘ ਨੇ 'ਰਾਜਾ ਲਖਦਾਤਾ ਸਿੰਘ' ਲਿਖ ਕੇ ਪੰਜਾਬੀ ਨਾਟਕਾਂ ਦੀ ਨੀਂਹ ਰੱਖੀ । ਬ੍ਰਿਜ ਲਾਲ ਸ਼ਾਸਤਰੀ ਦੇ 'ਸਵਿਤਰੀ' ਤੇ 'ਸ਼ਕੁੰਤਲਾ' ਪੂਰੇ ਨਾਟਕ ਇਤਿਹਾਸਕ ਘਟਨਾਵਾਂ ਨਾਲ ਰੰਗੇ ਹੋਏ, ਸਿਦਕ ਦੇ ਕਰਾਮਾਤ ਦਾ ਪ੍ਰਭਾਵ ਮਨ 'ਤੇ ਪਾਉਂਦੇ ਹਨ । ਇਨ੍ਹਾਂ ਵਿੱਚ ਨਾ ਪਾਤਰ ਉਸਾਰੀ ਲਈ ਯਤਨ ਕੀਤਾ ਗਿਆ ਤੇ ਨਾਂ ਹੀ ਬੋਲੀ ਨੂੰ ਰਸਦਾਇਕ ਬਣਾਉਣ ਲਈ ਪੁਰਾਣੀਆਂ ਕਥਾਵਾਂ ਨੂੰ ਗੱਲਬਾਤੀ ਢੰਗ ਵਿਚ ਢਾਲਿਆ ਗਿਆ ।

15 ਹੇਠ ਲਿਖਿਆਂ ਕਹਾਣੀਆਂ ਵਿੱਚੋਂ ਕਿਸੇ ਇਕ ਨੂੰ ਵਿਸਤਾਰ ਨਾਲ ਲਿਖੋ । 5

(1) ਅੰਤ ਭਲੇ ਦਾ ਭਲਾ

(2) ਲੋੜ ਕਾਢ ਦੀ ਮਾਂ ਹੈ

(3) ਬੁਰੀ ਸੰਗਤ ਨਾਲੋਂ ਇਕੱਲਾ ਭਲਾ